# ਪ੍ਰਸ਼ਨ - ਪੱਤਰ ਦੀ ਰੂਪ-ਰੇਖਾ

ਪੰਜਾਬੀ, ਪੇਪਰ- ਬੀ
ਸ਼੍ਰੇਣੀ : ਨੌਂਵੀਂ
ਵਿੱਦਿਅਕ ਵਰ੍ਹਾ : 2020-21

ਲਿਖਤੀ : 65 ਅੰਕ
ਆਂਤਰਿਕ ਮੁਲਾਂਕਣ : 10 ਅੰਕ
ਕੁੱਲ = 75 ਅੰਕ

ਨੋਟ:

1 05 ਅੰਕ ਸੁੰਦਰ ਲਿਖਾਈ ਲਈ ਰਾਖਵੇਂ ਹਨ।
2 ਪ੍ਰਸ਼ਨ-ਪੱਤਰ ਦੇ ਕੁੱਲ 8 ਪ੍ਰਸ਼ਨ ਹੋਣਗੇ।
3 ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

## ਪੇਪਰ-ਸੈੱਟਰ ਲਈ ਵਿਸ਼ੇਸ਼ ਹਿਦਾਇਤਾਂ :

ਪ੍ਰਸ਼ਨ 1 ਵਸਤੂਨਿਸ਼ਠ ਪ੍ਰਸ਼ਨ — 15 × 2 = 30 ਅੰਕ

(ੳ) ਸਹੀ/ਗ਼ਲਤ ਦੀ ਪਛਾਣ — 5 × 2 = 10 ਅੰਕ
(ਅ) ਅਧੂਰੇ ਵਾਕ ਪੂਰੇ ਕਰਨੇ — 5 × 2 = 10 ਅੰਕ
(ੲ) ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰਾਂ ਵਾਲੇ ਪ੍ਰਸ਼ਨ — 5 × 2 = 10 ਅੰਕ

ਪ੍ਰਸ਼ਨ 2 ਕੋਈ ਪੰਜ ਵਿਸ਼ੇ ਦੇ ਕੇ ਕਿਸੇ ਇੱਕ ਉੱਤੇ ਲੇਖ ਲਿਖਣ ਲਈ ਕਿਹਾ ਜਾਵੇਗਾ। — 6 ਅੰਕ

ਪ੍ਰਸ਼ਨ 3 ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਉੱਤੇ ਪੱਤਰ/ਅਰਜ਼ੀ ਲਿਖਣ ਲਈ ਕਿਹਾ ਜਾਵੇਗਾ। — 6 ਅੰਕ

ਪ੍ਰਸ਼ਨ 4. ਮੁਹਾਵਰੇਦਾਰ ਵਾਕੰਸ਼/ਅਖਾਉਤਾਂ ਵਿੱਚੋਂ 6 ਮੁਹਾਵਰੇਦਾਰ ਵਾਕਾਂਸ਼/ਅਖਾਉਤਾਂ ਦੇ ਕੇ ਕਿਸੇ 4 ਨੂੰ ਵਾਕਾਂ ਵਿੱਚ ਵਰਤਣ ਲਈ ਕਿਹਾ ਜਾਵੇਗਾ। — 2 + 2 + 2 + 2 = 8 ਅੰਕ

ਪ੍ਰਸ਼ਨ 5 ਭਾਸ਼ਾ ਅਤੇ ਪੰਜਾਬੀ ਭਾਸ਼ਾ ਦੀ ਪਰਿਭਾਸ਼ਾ, ਪੰਜਾਬੀ ਦੀਆਂ ਉਪਭਾਸ਼ਾਵਾਂ, ਟਕਸਾਲੀ ਜਾਂ ਮਿਆਰੀ ਭਾਸ਼ਾ ਬਾਰੇ 2 ਪ੍ਰਸ਼ਨ ਪੁੱਛੇ ਜਾਣਗੇ। — 2 + 2 = 4 ਅੰਕ

ਪ੍ਰਸ਼ਨ 6 ਵਿਆਕਰਨ ਦੀ ਪਰਿਭਾਸ਼ਾ ਜਾਂ ਇਸ ਦੇ ਅੰਗਾਂ ਬਾਰੇ 2 ਪ੍ਰਸ਼ਨ ਪੁੱਛੇ ਜਾਣਗੇ। — 1 + 1 = 2 ਅੰਕ

ਪ੍ਰਸ਼ਨ 7 ਸ਼ੁੱਧ ਸ਼ਬਦ-ਜੋੜ ਸੰਬੰਧੀ 4 ਗ਼ਲਤ ਸ਼ਬਦ-ਜੋੜਾਂ ਵਿੱਚੋਂ ਕੋਈ ਦੋ ਸ਼ਬਦ-ਜੋੜਾਂ ਨੂੰ ਸ਼ੁੱਧ ਕਰਨ ਉਪਰੰਤ ਦੁਬਾਰਾ ਲਿਖਣ ਲਈ ਕਿਹਾ ਜਾਵੇਗਾ। — 1 + 1 = 2 ਅੰਕ

ਪ੍ਰਸ਼ਨ 8 ਅਗੇਤਰ-ਪਿਛੇਤਰ ਲਗਾ ਕੇ ਸਾਰਥਕ ਸ਼ਬਦ ਬਣਾਉਣ ਲਈ ਕਿਹਾ ਜਾਵੇਗਾ। — 1 + 1 = 2 ਅੰਕ

# ਨਮੂਨੇ ਦਾ ਪ੍ਰਸ਼ਨ-ਪੱਤਰ

ਸ਼੍ਰੇਣੀ : ਨੌਂਵੀਂ

ਪੰਜਾਬੀ, ਪੇਪਰ-ਬੀ

ਵਿੱਦਿਅਕ ਵਰ੍ਹਾ : ੨੦੨੦-੨੧

ਲਿਖਤੀ = 65 ਅੰਕ
ਆਂਤਰਿਕ ਮੁਲਾਂਕਣ = 10 ਅੰਕ
ਕੁੱਲ = 75 ਅੰਕ

ਨੋਟ: ਸੁੰਦਰ ਲਿਖਾਈ ਲਈ 5 ਅੰਕ ਰਾਖਵੇਂ ਹਨ।

## ਪ੍ਰਸ਼ਨ 1 ਵਸਤੂਨਿਸ਼ਠ ਪ੍ਰਸ਼ਨ — 15 x 2 = 30 ਅੰਕ

(ੳ) ਹੇਠ ਲਿਖਿਆਂ ਵਿੱਚੋਂ ਸਹੀ/ਗ਼ਲਤ ਦੀ ਪਛਾਣ ਕਰੋ:

(i) 'ਉੱਨੀ ਇੱਕੀ ਦਾ ਫ਼ਰਕ ਹੋਣਾ' ਮੁਹਾਵਰੇ ਦਾ ਅਰਥ ਹੈ, ਕਾਫ਼ੀ ਅੰਤਰ ਹੋਣਾ।

(ii) 'ਮੈਂ ਤੁਹਾਡੇ ਲਈ ਮਿਠਿਆਈ ਲਿਆਇਆ ਹਾਂ' ਵਾਕ ਵਿੱਚ ਸੰਪਰਦਾਨ-ਕਾਰਕ ਸ਼ਬਦ 'ਤੁਹਾਡੇ ਲਈ' ਹਨ।

(iii) ਮਾਝੀ ਉਪਭਾਸ਼ਾ ਪੰਜਾਬੀ ਦੀਆਂ ਉਪਭਾਸ਼ਾਵਾਂ ਵਿੱਚੋਂ ਇੱਕ ਹੈ।

(iv) ਜ਼ਿਲ੍ਹਾ ਰੂਪਨਗਰ (ਰੋਪੜ) ਦੀ ਉਪਭਾਸ਼ਾ ਪੁਆਧੀ ਨਹੀਂ ਹੈ।

(v) ਰਾਵੀ ਤੇ ਬਿਆਸ ਦਰਿਆਵਾਂ ਦੇ ਵਿਚਕਾਰ ਮਾਝੀ ਉਪਭਾਸ਼ਾ ਬੋਲੀ ਜਾਂਦੀ ਹੈ।

5 x 2 = 10

(ਅ) ਬ੍ਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ ਮੁਕੰਮਲ ਕਰੋ:

(i) ਮਿਹਨਤੀ ਲੋਕ ਸਦਾ ਸੁੱਖ ਪਾਉਂਦੇ ਹਨ - ਇੱਕ ________ ਵਾਕ ਹੈ।
(ਕਾਰਜ ਦੇ ਆਧਾਰ 'ਤੇ ਇਸ ਵਾਕ ਦੀ 'ਵਾਕ-ਵੰਡ' ਦੀ ਕਿਸਮ ਲਿਖੋ)

(ii) ਆਪਣੇ ਪੈਰੀਂ ਆਪ ________ ਮਾਰਨਾ।
(ਮੁਹਾਵਰਾ ਪੂਰਾ ਕਰੋ)

(iii) 'ਸ਼ਬਦਾਂ ਅਤੇ ਵਾਕਾਂ ਦੇ ਅਰਥਾਂ ਦੇ ਅਧਿਐਨ' ਨੂੰ ________ ਕਹਿੰਦੇ ਹਨ।
(ਵਿਆਕਰਨ ਦੇ ਚਾਰ ਅੰਗਾਂ ਵਿੱਚੋਂ ਸੰਬੰਧਿਤ ਅੰਗ ਦਾ ਨਾਂ ਲਿਖੋ)

(iv) ਕਰ, ਪੜ੍ਹ, ਰੇਤ, ਬਾਗ਼, ਜਾਂ ਆਦਿ ਸ਼ਬਦ ________ ਸ਼ਬਦ ਹੁੰਦੇ ਹਨ।
(ਬੋਲਣ/ਲਿਖਣ ਵਾਲੇ ਸ਼ਬਦਾਂ ਨਾਲ ਸੰਬੰਧਿਤ ਕਿਸਮ ਲਿਖੋ)

(v) 'ਦੀਵਾਲ਼ੀ' ਅਤੇ 'ਆਰਾਮ' ਸ਼ਬਦਾਂ ਦਾ ਸ਼ੁੱਧ ਪੰਜਾਬੀ ਰੂਪ ______ ਅਤੇ ______ ਹੈ।
(ਦਿੱਤੇ ਗਏ ਮੂਲ ਰੂਪ ਸ਼ਬਦਾਂ ਦਾ ਅਜੋਕਾ ਪੰਜਾਬੀ ਰੂਪ ਲਿਖੋ)

5 x 2 = 10

(ੲ) ਹੇਠ ਲਿਖੇ ਪ੍ਰਸ਼ਨਾਂ ਦਾ ਇੱਕ-ਦੋ ਸ਼ਬਦਾਂ ਵਿੱਚ ਉੱਤਰ ਦਿਓ:

(i) ਕਿਸੇ ਭਾਸ਼ਾ ਵਿੱਚ ਕੰਮ ਕਰਦੇ ਨਿਯਮਾਂ ਨੂੰ ਸਮਝਣ ਵਾਲੀ ਪੜ੍ਹਾਈ ਨੂੰ ਕੀ ਕਹਿੰਦੇ ਹਨ?

(ii) 'ਮਾਲ' ਅਤੇ 'ਗੱਡੀ' ਸ਼ਬਦਾਂ ਦੇ ਮੇਲ ਨਾਲ਼ ਕਿਹੜਾ ਸਮਾਸੀ ਸ਼ਬਦ ਬਣੇਗਾ?

(iii) 'ਸੁਮਨ ਨੇ ਕਿਤਾਬ ਪੜ੍ਹੀ' ਵਾਕ ਵਿੱਚ ਕਰਤਾ-ਕਾਰਕ ਕਿਹੜਾ ਹੈ?

(iv) 'ਮਿਹਨਤੀ ਲੋਕ ਕਦੇ ਹਾਰ ਨਹੀਂ ਮੰਨਦੇ' ਵਾਕ ਦੀ ਕਿਸਮ ਲਿਖੋ।

(v) ਜ਼ਿਲ੍ਹਾ ਬਠਿੰਡਾ ਵਿੱਚ ਕਿਹੜੀ ਉਪਬੋਲੀ (ਉਪਭਾਸ਼ਾ) ਬੋਲੀ ਜਾਂਦੀ ਹੈ?

5 × 2 = 10

ਪ੍ਰਸ਼ਨ 2 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲੇਖ ਲਿਖੋ:

(ੳ) ਗੁਰੂ ਨਾਨਕ ਦੇਵ ਜੀ  (ਅ) ਕਰਤਾਰ ਸਿੰਘ ਸਰਾਭਾ

(ੲ) ਦਿਵਾਲ਼ੀ  (ਸ) ਨਸ਼ਾ ਨਾਸ ਕਰਦਾ ਹੈ

(ਹ) ਪ੍ਰਦੂਸ਼ਣ ਦੀ ਸਮੱਸਿਆ

6

ਪ੍ਰਸ਼ਨ 3. ਵੱਖ-ਵੱਖ ਵਸਤਾਂ ਵਿੱਚ ਮਿਲਾਵਟ ਬਾਰੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

ਜਾਂ

ਆਪਣੇ ਗੂੜ੍ਹੇ ਮਿੱਤਰ/ਸਹੇਲੀ ਨੂੰ ਚਿੱਠੀ ਲਿਖੋ ਕਿ ਉਹ ਪੜ੍ਹਾਈ ਅਤੇ ਖੇਡਾਂ ਵਿੱਚ ਬਰਾਬਰ ਦਿਲਚਸਪੀ ਲਵੇ।

6

ਪ੍ਰਸ਼ਨ 4 ਹੇਠ ਲਿਖੇ ਮੁਹਾਵਰੇ/ਅਖਾਉਤਾਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿੱਚ ਵਰਤੋ:

(ੳ) ਇੱਜ਼ਤ ਨੂੰ ਵੱਟਾ ਲਾਉਣਾ  (ਅ) ਸੱਜੀ ਬਾਂਹ ਹੋਣਾ

(ੲ) ਸਿਰ ਉੱਤੋਂ ਪਾਣੀ ਲੰਘਣਾ  (ਸ) ਹੱਥੀਂ ਛਾਵਾਂ ਕਰਨਾ

(ਹ) ਉਹ ਦਿਨ ਡੁੱਬਾ, ਜਦੋਂ ਘੋੜੀ ਚੜ੍ਹਿਆ ਕੁੱਬਾ  (ਕ) ਇੱਕ ਹੱਥ ਨਾਲ਼ ਤਾੜੀ ਨਹੀਂ ਵੱਜਦੀ

2+2+2+2 = 8

ਪ੍ਰਸ਼ਨ 5 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਵਿੱਚ ਉੱਤਰ ਦਿਓ:

(ੳ) ਟਕਸਾਲੀ ਜਾਂ ਮਿਆਰੀ ਪੰਜਾਬੀ ਭਾਸ਼ਾ ਕਿਸ ਨੂੰ ਕਹਿੰਦੇ ਹਨ?

(ਅ) ਉਪਭਾਸ਼ਾ ਕੀ ਹੁੰਦੀ ਹੈ?

2 + 2 = 4

ਪ੍ਰਸ਼ਨ 6 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ:

(ੳ) ਵਿਆਕਰਨ ਦੇ ਮੁੱਖ ਅੰਗਾਂ ਵਿੱਚੋਂ ਕਿਸੇ ਦੋ ਅੰਗਾਂ ਦਾ ਨਾਂ ਲਿਖੋ।

(ਅ) 'ਧੁਨੀਆਂ ਦਾ ਅਧਿਐਨ' ਕਰਨ ਵਾਲ਼ੇ ਅੰਗ ਨੂੰ ਕੀ ਕਿਹਾ ਜਾਂਦਾ ਹੈ?

1 + 1 = 2

ਪ੍ਰਸ਼ਨ 7 ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਦੋ ਸ਼ਬਦਾਂ ਦਾ ਸ਼ੁੱਧ ਪੰਜਾਬੀ ਸ਼ਬਦ-ਜੋੜ ਲਿਖੋ:

ਕਯੋਂ, ਪਯਾਰਾ, ਨਿਰਭਯ, ਬਯਾਜ

1 + 1 = 2

ਪ੍ਰਸ਼ਨ 8 (ੳ) 'ਗ਼ੈਰ' ਅਗੇਤਰ ਲਗਾ ਕੇ ਕੋਈ ਇੱਕ ਸਾਰਥਕ ਸ਼ਬਦ ਲਿਖੋ।

(ਅ) 'ਸਤਾਨ' ਪਿਛੇਤਰ ਲਗਾ ਕੇ ਕੋਈ ਇੱਕ ਸ਼ਬਦ ਲਿਖੋ।

1 + 1 = 2